بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَ نُصَلِّی عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

**Office Of The Majlis Ansarullah Bharat**

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਹਦੀਸਾਂ ਅਤੇ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਇਰਸ਼ਾਦਾਂ ਦੀ ਰੋਸ਼ਨੀ ਵਿੱਚ ਦੁਆਵਾਂ ਦੀ ਅਹਿਮੀਅਤ ਦਾ ਬਿਆਨ ਅਤੇ ਰਮਜ਼ਾਨੁਲ ਮੁਬਾਰਕ ਦੇ ਬਾਰੇ ਜਮਾਤ ਨੂੰ ਸੁਨਹਿਰੀਆਂ ਨਸੀਹਤਾਂ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 07 ਮਾਰਚ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

وَإِذَا سَأَلَكَ عِبَادِيْ عَنِّيْ فَإِنِّيْ قَرِيْبٌ ؕ أُجِيْبُ دَعْوَةَ الدَّاعِ إِذَا دَعَانِ ۙ فَلْيَسْتَجِيْبُوْا لِيْ وَلْيُؤْمِنُوْا بِيْ لَعَلَّهُمْ يَرْشُدُوْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਇਸ ਆਇਤ ਦਾ ਤਰਜਮਾ ਬਿਆਨ ਕਰਦੇ ਹੋਏ ਫ਼ਰਮਾਇਆ ਕਿ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਜਦ ਮੇਰੇ ਬੰਦੇ ਤੇਰੇ ਕੋਲੋਂ ਮੇਰੇ ਬਾਰੇ ਸਵਾਲ ਕਰਨ ਤਾਂ ਯਕ਼ੀਨਨ ਮੈਂ ਕ਼ਰੀਬ ਹਾਂ, ਮੈਂ ਦੁਆ ਕਰਨ ਵਾਲੇ ਦੀ ਦੁਆ ਦਾ ਜਵਾਬ ਦਿੰਦਾ ਹਾਂ ਜਦੋਂ ਮੈਨੂੰ ਪੁਕਾਰਦਾ ਹੈ। ਬਸ ਚਾਹੀਦਾ ਹੈ ਕਿ ਉਹ ਵੀ ਮੇਰੀ ਗੱਲ ਮੰਨਣ ਅਤੇ ਮੇਰੇ 'ਤੇ ਇਮਾਨ ਲਿਆਉਣ ਤਾਂ ਜੋ ਉਹ ਹਿਦਾਇਤ ਪਾਉਣ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਰਮਜ਼ਾਨ ਦੇ ਸ਼ੁਰੂ ਹੁੰਦੇ ਹੀ ਇਹ ਖ਼ਿਆਲ ਫ਼ੌਰਨ ਦਿਲ ਵਿੱਚ ਪੈਦਾ ਹੋ ਜਾਂਦਾ ਹੈ ਕਿ ਨਮਾਜ਼ਾਂ ਵੱਲ ਤਵੱਜੋ ਹੋਵੇ ਕਿਉਂਕਿ ਇਹ ਬਰਕਤਾਂ ਵਾਲਾ ਮਹੀਨਾ ਹੈ, ਇਸ ਲਈ ਆਮ ਤੌਰ 'ਤੇ ਲੋਕ ਮਸਜਿਦਾਂ ਵੱਲ ਜ਼ਿਆਦਾ ਰੁਖ਼ ਕਰਦੇ ਹਨ। ਇਹ ਅੱਲਾਹ ਤਆਲਾ ਦਾ ਫ਼ਜ਼ਲ ਹੈ ਕਿ ਘੱਟੋ ਘੱਟ ਇਹਨਾਂ ਦਿਨਾਂ ਵਿੱਚ ਲੋਕਾਂ ਨੂੰ ਖ਼ਿਆਲ ਆ ਜਾਂਦਾ ਹੈ ਕਿ ਅਸੀਂ ਅੱਲਾਹ ਤਆਲਾ ਵੱਲ ਜਾਣਾ ਹੈ।

ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਮੈਂ ਰਮਜ਼ਾਨ ਦੇ ਦਿਨਾਂ ਵਿੱਚ ਜਹੰਨਮ ਦੇ ਦਰਵਾਜ਼ੇ ਬੰਦ ਕਰ ਦਿੰਦਾ ਹਾਂ, ਸ਼ੈਤਾਨ ਨੂੰ ਜਕੜ ਦਿੰਦਾ ਹਾਂ ਅਤੇ ਜੰਨਤ ਦੇ ਦਰਵਾਜ਼ੇ ਖੋਲ੍ਹ ਦਿੰਦਾ ਹਾਂ। ਰਮਜ਼ਾਨ ਵਿੱਚ ਅੱਲਾਹ ਤਆਲਾ ਨੇ ਇਬਾਦਤਾਂ ਵੱਲ ਇਸ ਲਈ ਤਵੱਜੋ ਦਵਾਈ ਹੈ ਤਾਂ ਜੋ ਫਿਰ ਤੁਸੀਂ ਉਸਨੂੰ ਆਪਣੀ ਜ਼ਿੰਦਗੀਆਂ ਦਾ ਹਿੱਸਾ ਬਣਾ ਲਓ, ਜੇਕਰ ਇਹ ਨਹੀਂ ਤਾਂ ਸਿਰਫ਼ ਰਮਜ਼ਾਨ ਦੀਆਂ ਇਬਾਦਤਾਂ ਕੁੱਝ ਕੰਮ ਨਹੀਂ ਕਰਨਗੀਆਂ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜਿਹੜਾ ਸ਼ਖ਼ਸ ਇਮਾਨ ਦੇ ਤਕ਼ਾਜ਼ੇ ਅਤੇ ਸਵਾਬ ਦੀ ਨੀਅਤ ਨਾਲ ਰਮਜ਼ਾਨ ਦੀ ਰਾਤਾਂ ਵਿੱਚ ਉੱਠ ਕੇ ਨਮਾਜ਼ ਪੜ੍ਹਦਾ ਹੈ ਤਾਂ ਉਸਦੇ ਪਿਛਲੇ ਗੁਨਾਹ ਬਖ਼ਸ਼ ਦਿੱਤੇ ਜਾਂਦੇ ਹਨ। ਅੱਲਾਹ ਤਆਲਾ ਬੜਾ ਬਖ਼ਸ਼ਣ ਵਾਲਾ ਹੈ ਉਹ ਸਾਨੂੰ ਇਹ ਮੌਕ਼ਾ ਦਿੰਦਾ ਹੈ ਕਿ ਜੇਕਰ ਸਾਲ ਦੇ ਦੌਰਾਨ ਤੁਹਾਡੇ ਤੋਂ ਗ਼ਲਤੀਆਂ ਹੋਈਆਂ ਹਨ ਤਾਂ ਤੁਸੀਂ ਨਵੇਂ ਸਿਰੇ ਤੋਂ ਇਹ ਵਾਅਦਾ ਕਰੋ ਕਿ ਤੁਸੀਂ ਅਗਾਂਹ ਤੋਂ ਅੱਲਾਹ ਤਆਲਾ ਦੀ ਇਬਾਦਤ ਦਾ ਹੱਕ਼ ਅਦਾ ਕਰਨ ਵਾਲੇ ਬਣੋਗੇ, ਅਤੇ ਉਨ੍ਹਾਂ ਸਾਰੀਆਂ ਨੇਕੀਆਂ ਨੂੰ ਕਰਨ ਵਾਲੇ ਬਣੋਗੇ ਜਿਨ੍ਹਾਂ ਦਾ ਅੱਲਾਹ ਤਆਲਾ ਨੇ ਹੁਕਮ ਦਿੱਤਾ ਹੈ ਤਾਂ ਯਕ਼ੀਨਨ ਉਹ ਬੜੀ ਰਹਿਮਤ ਦੇ ਨਾਲ ਤੁਹਾਡੇ ਵੱਲ ਤਵੱਜੋ ਕਰੇਗਾ। ਇਸ ਆਇਤ ਵਿੱਚ ਜੋ ਅੱਲਾਹ ਤਆਲਾ ਨੇ ਫ਼ਰਮਾਇਆ ਹੈ ਕਿ ਜਦ ਮੇਰੇ ਬੰਦੇ ਤੇਰੇ ਕੋਲੋਂ ਸਵਾਲ ਕਰਨ, ਇੱਥੇ ਬੰਦਿਆਂ ਤੋਂ ਮੁਰਾਦ ਅੱਲਾਹ ਤਆਲਾ ਦੇ ਆਸ਼ਿਕ਼ ਹਨ। ਹੁਣ ਆਸ਼ਿਕ਼ ਅਜਿਹਾ ਤਾਂ ਨਹੀਂ ਹੁੰਦਾ ਕਿ 11 ਮਹੀਨੇ ਉਸ ਨੂੰ ਇਸ਼ਕ਼ ਯਾਦ ਨਾ ਆਵੇ ਅਤੇ ਸਿਰਫ਼ ਇੱਕ ਮਹੀਨਾ

ਉਹ ਇਸ਼ਕ਼ ਦਾ ਇਜ਼ਹਾਰ ਕਰੇ। ਇਸ ਲਈ ਸਾਨੂੰ ਇਹ ਦੁਆ ਕਰਦੇ ਰਹਿਣਾ ਚਾਹੀਦਾ ਹੈ ਕਿ ਐ ਅੱਲਾਹ! ਸਾਨੂੰ ਆਪਣੀ ਨਜ਼ਦੀਕੀ ਅਤਾ ਫ਼ਰਮਾ, ਸਾਨੂੰ ਮਕ਼ਬੂਲ ਦੁਆਵਾਂ ਦੀ ਤੌਫ਼ੀਕ਼ ਅਤਾ ਫ਼ਰਮਾ।

ਅੱਲਾਹ ਤਆਲਾ ਨੇ ਕ਼ੁਰਆਨ ਕਰੀਮ ਵਿੱਚ ਵਾਰ ਵਾਰ ਇਹ ਤਵੱਜੋ ਦਵਾਈ ਹੈ ਕਿ ਅੱਲਾਹ ਦੇ ਹੱਕ਼ ਅਤੇ ਬੰਦਿਆਂ ਦੇ ਹੱਕ਼ ਵੱਲ ਤਵੱਜੋ ਕਰੋ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਇੱਕ ਜਗ੍ਹਾ ਫ਼ਰਮਾਇਆ ਹੈ ਕਿ ਕ਼ੁਰਆਨ ਕਰੀਮ ਵਿੱਚ 700 ਹੁਕਮ ਹਨ ਬਲਕਿ ਇੱਕ ਜਗ੍ਹਾ ਫ਼ਰਮਾਇਆ ਕਿ 700 ਤੋਂ ਜ਼ਿਆਦਾ ਹੁਕਮ ਹਨ। ਜਦ ਅਸੀਂ ਰਮਜ਼ਾਨ ਵਿੱਚ ਕ਼ੁਰਆਨ ਪੜ੍ਹਾਂਗੇ ਤਾਂ ਜ਼ਾਹਿਰ ਹੈ ਕਿ ਅਸੀਂ ਹੁਕਮਾਂ ਦੀ ਤਲਾਸ਼ ਕਰਾਂਗੇ ਅਤੇ ਜਦ ਹੁਕਮ ਤਲਾਸ਼ ਕਰਾਂਗੇ ਤਾਂ ਉਹਨਾਂ ਤੇ ਅਮਲ ਕਰਨ ਦੀ ਵੀ ਕੋਸ਼ਿਸ਼ ਕਰਨ ਵਾਲ਼ੇ ਹੋਵਾਂਗੇ। ਇਹੀ ਇੱਕ ਸੱਚੇ ਆਸ਼ਿਕ਼ ਦਾ ਕੰਮ ਹੈ।

ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਈਮਾਨ ਅਤੇ ਚੰਗੇ ਕਰਮ ਅਜਿਹੀਆਂ ਚੀਜ਼ਾਂ ਹਨ ਜਿਹੜੀਆਂ ਨਾਲ਼ ਨਾਲ਼ ਚੱਲਦੀਆਂ ਹਨ, ਜਦ ਅੱਲਾਹ ਤਆਲਾ 'ਤੇ ਈਮਾਨ ਅਤੇ ਉਸਦੇ ਹੁਕਮਾਂ ਤੇ ਅਮਲ ਹੋਵੇਗਾ ਤਾਂ ਅਜਿਹਾ ਸ਼ਖ਼ਸ ਫਿਰ ਖ਼ੁਦਾ ਦਾ ਦੋਸਤ ਬਣ ਜਾਂਦਾ ਹੈ ਅਤੇ ਜਦ ਖ਼ੁਦਾ ਤਆਲਾ ਦੀ ਦੋਸਤੀ ਅਤਾ ਹੋਵੇਗੀ ਤਾਂ ਉਸ ਨਾਲ਼ ਅੱਲਾਹ ਤਆਲਾ ਦੀ ਨਜ਼ਦੀਕੀ ਹਾਸਿਲ ਹੋਵੇਗੀ ਅਤੇ ਫਿਰ ਉਸ ਨਜ਼ਦੀਕੀ ਵਿੱਚ ਵਧਦੇ ਚਲੇ ਜਾਣਗੇ। ਇਹ ਨਜ਼ਦੀਕੀ ਅਜਿਹੀ ਨਹੀਂ ਜਿਹੜੀ ਇੱਕ ਜਗ੍ਹਾ ਰੁਕਣ ਵਾਲ਼ੀ ਹੋਵੇ, ਅੱਲਾਹ ਤਆਲਾ ਇਸ ਨਜ਼ਦੀਕੀ ਦੇ ਕਾਰਨ ਦੁਆਵਾਂ ਨੂੰ ਵੀ ਸੁਣੇਗਾ। ਬਸ ਰਮਜ਼ਾਨ ਵਿੱਚ ਸਾਨੂੰ ਇਸ ਮਿਆਰ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੱਲਾਹ ਤਆਲਾ ਨੇ ਦੁਆਵਾਂ ਦੀ ਕ਼ਬੂਲੀਅਤ ਦੇ ਲਈ ਵੀ ਕੁੱਝ ਸ਼ਰਤਾਂ ਰੱਖੀਆਂ ਹਨ ਜਿਨ੍ਹਾਂ ਵਿੱਚ ਪਹਿਲੀ ਤਾਂ ਇਹੀ ਹੈ ਕਿ ਉਸ ਦਾ ਬੰਦਾ ਬਣ ਕੇ ਰਹਿਣਾ ਹੋਵੇਗਾ, ਖ਼ਾਲਿਸ ਹੋ ਕੇ ਉਸ ਦੀ ਇਬਾਦਤ ਕਰਨੀ ਹੋਵੇਗੀ। ਉਸ ਨੂੰ ਸਭ ਤਾਕ਼ਤਾਂ ਦਾ ਸ੍ਰੋਤ ਸਮਝਣਾ ਹੋਵੇਗਾ, ਕੋਈ ਝੂਠੇ ਖ਼ੁਦਾ ਨਹੀਂ ਬਣਾਉਣੇ ਨਹੀਂ ਤਾਂ ਇਹ ਸ਼ਿਰਕ ਵੱਲ ਲੈ ਜਾਣ ਵਾਲ਼ੀ ਗੱਲ ਹੋਵੇਗੀ। ਸਭ ਤੋਂ ਵੱਡੀ ਚੀਜ਼ ਇਹ ਹੈ ਕਿ ਅੱਲਾਹ ਤਆਲਾ ਤੋਂ ਉਸਦਾ ਰਹਿਮ ਅਤੇ ਨਰਮੀ ਮੰਗੋ ਅਤੇ ਉਸਦੇ ਹੁਕਮਾਂ ਤੇ ਅਮਲ ਕਰਨ ਦੀ ਕੋਸ਼ਿਸ਼ ਕਰੋ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬੇਸ਼ੁਮਾਰ ਥਾਂਵਾਂ ਤੇ ਸਾਨੂੰ ਨੇਕੀਆਂ 'ਤੇ ਪਾਬੰਦ ਹੋਣ ਵੱਲ ਤਵੱਜੋ ਦਵਾਈ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਸਾਨੂੰ ਵਾਰ ਵਾਰ ਇਸ ਵੱਲ ਤਵੱਜੋ ਦਵਾਈ ਹੈ। ਬੈਅਤ ਦੀਆਂ 10 ਸ਼ਰਤਾਂ ਵਿੱਚੋਂ ਅਕਸਰ ਸ਼ਰਤਾਂ ਇਹੀ ਹਨ ਕਿ ਅੱਲਾਹ ਦੇ ਹੱਕ਼ ਅਤੇ ਬੰਦਿਆਂ ਦੇ ਹੱਕ਼ਾਂ ਵੱਲ ਤਵੱਜੋ ਕਰੋ। ਬਸ ਸਾਨੂੰ ਇਸ ਵੱਲ ਤਵੱਜੋ ਕਰਨੀ ਚਾਹੀਦੀ ਹੈ। ਜਦ ਅਸੀਂ ਇਹ ਕਰਾਂਗੇ ਤਾਂ ਅੱਲਾਹ ਤਆਲਾ ਯਕ਼ੀਨ ਸਾਡਾ ਵਲੀ ਅਤੇ ਦੋਸਤ ਬਣ ਜਾਵੇਗਾ। ਉਹ ਸਾਡੀਆਂ ਦੁਆਵਾਂ ਨੂੰ ਸੁਣੇਗਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਉਹਨਾਂ ਲੋਕਾਂ ਦੀ ਦੁਆ ਸੁਣਦਾ ਹੈ ਜਿਹੜੇ ਬੇਸਬਰੀ ਨਹੀਂ ਦਿਖਾਉਂਦੇ ਅਤੇ ਇਹ ਨਹੀਂ ਕਹਿੰਦੇ ਕਿ ਮੈਂ ਬਹੁਤ ਦੁਆਵਾਂ ਕਰ ਲਈਆਂ, ਅੱਲਾਹ ਤਆਲਾ ਸੁਣਦਾ ਹੀ ਨਹੀਂ। ਫ਼ਰਮਾਇਆ ਇਹ ਕੁਫ਼ਰ ਹੈ ਅਤੇ ਅੱਲਾਹ ਤਆਲਾ ਤੋਂ ਦੂਰ ਲੈ ਜਾਣ ਵਾਲੀ ਗੱਲ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਇਹ ਤਾਂ ਦੋ ਦੋਸਤਾਂ ਦਾ ਮਾਮਲਾ ਹੁੰਦਾ ਹੈ ਕਦੀ ਦੋਸਤ ਆਪਣੇ ਦੋਸਤ ਦੀ ਮੰਨ ਲੈਂਦਾ ਹੈ ਅਤੇ ਕਦੀ ਦੋਸਤ ਕੋਲੋਂ ਆਪਣੀ ਮਨਵਾਉਂਦਾ ਹੈ। ਇਸੇ ਤਰ੍ਹਾਂ ਖ਼ੁਦਾ ਮਾਮਲਾ ਕਰਦਾ ਹੈ। ਪਰ ਬਜ਼ਾਹਿਰ ਜੋ ਇੱਕ ਮੋਮਿਨ ਦੀ ਦੁਆ ਖ਼ੁਦਾ ਰੱਦ ਕਰਦਾ ਹੈ ਇਹ ਵੀ ਅਸਲ ਵਿੱਚ ਉਸਦੀ ਬਿਹਤਰੀ ਲਈ ਹੈ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਜਦ ਮੇਰੇ ਬੰਦੇ ਮੇਰੇ ਬਾਰੇ ਸਵਾਲ ਕਰਨ ਕਿ ਖ਼ੁਦਾ ਦੇ ਵਜੂਦ 'ਤੇ ਕੀ ਦਲੀਲ ਹੈ ਤਾਂ ਜਵਾਬ ਇਹ ਹੈ ਕਿ ਮੈਂ ਬਹੁਤ ਨਜ਼ਦੀਕ ਹਾਂ, ਕੁੱਝ ਬਹੁਤ ਵੱਡੀਆਂ ਦਲੀਲਾਂ ਦੀ ਲੋੜ ਨਹੀਂ, ਬਹੁਤ ਆਸਾਨੀ ਨਾਲ਼ ਮੇਰੇ ਵਜੂਦ 'ਤੇ ਦਲੀਲ ਪੈਦਾ ਹੁੰਦੀ ਹੈ ਅਤੇ ਉਹ ਦਲੀਲ ਇਹ ਹੈ ਕਿ ਜਦ ਕੋਈ ਦੁਆ ਕਰਨ ਵਾਲ਼ਾ ਮੈਨੂੰ ਪੁਕਾਰਦਾ ਹੈ ਤਾਂ ਮੈਂ ਉਸਦੀ ਸੁਣਦਾ ਹਾਂ ਅਤੇ ਆਪਣੇ ਇਲਹਾਮ ਨਾਲ਼ ਉਸਦੀ ਕਾਮਯਾਬੀ ਦੀ ਖ਼ੁਸ਼ਖ਼ਬਰੀ ਦਿੰਦਾ ਹਾਂ। ਕ਼ੁਰਆਨ ਮਜੀਦ ਵਿੱਚ ਇਹ ਜੋ ਜ਼ਿਕਰ ਹੈ يُؤْمِنُونَ بِالْغَيْبِ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਇਸ ਦੀ ਬੜੀ ਸੂਖਮ ਵਿਆਖਿਆ ਕੀਤੀ ਹੈ, ਫ਼ਰਮਾਇਆ ਗ਼ੈਬ ਵੀ ਖ਼ੁਦਾ ਦਾ ਨਾਮ ਹੈ। ਫ਼ਰਮਾਇਆ ਹਰ ਦੁਆ ਤੋਂ ਪਹਿਲਾਂ ਇਹ ਯਕ਼ੀਨ ਹੋਵੇ ਕਿ ਖ਼ੁਦਾ ਹੈ ਅਤੇ ਉਹ ਬੇ ਇੰਨਤਿਹਾ ਸਿਫ਼ਤਾਂ ਦਾ ਮਾਲਿਕ ਹੈ। ਜਦ ਇਸ ਯਕ਼ੀਨ ਦੇ ਨਾਲ਼ ਅੱਗੇ ਵਧੋਗੇ ਤਾਂ ਫਿਰ ਤੁਹਾਨੂੰ ਖ਼ੁਦਾ ਦਾ ਵਾਸਤਵਿਕ ਬ੍ਰਹਮ ਗਿਆਨ ਹਾਸਿਲ ਹੋਵੇਗਾ। ਇਹ ਨਹੀਂ ਕਿ ਸਿਰਫ਼ ਰਮਜ਼ਾਨ

ਵਿੱਚ ਨਮਾਜ਼ਾਂ ਵੱਲ ਤਵੱਜੋ ਪੈਦਾ ਹੋਵੇ। ਅੱਲਾਹ ਤਆਲਾ ਦਾ ਫ਼ਜ਼ਲ ਹੈ ਕਿ ਅਹਮਦੀ ਨਮਾਜ਼ਾਂ ਵੱਲ ਬਹੁਤ ਜ਼ਿਆਦਾ ਤਵੱਜੋ ਦਿੰਦੇ ਹਨ ਪਰ ਫਿਰ ਵੀ ਇਸ ਵਿੱਚ ਕਮੀ ਹੈ।

ਚਾਹੀਦਾ ਹੈ ਕਿ ਅਸੀਂ ਇਸ ਰਮਜ਼ਾਨ ਨੂੰ ਅਜਿਹਾ ਰਮਜ਼ਾਨ ਬਣਾਈਏ ਜਿਹੜਾ ਸਾਡੀਆਂ ਇਬਾਦਤਾਂ ਦੇ ਮਿਆਰ ਨੂੰ ਬੁਲੰਦ ਕਰਨ ਵਾਲ਼ਾ ਹੋਵੇ, ਸਾਨੂੰ ਖ਼ੁਦਾ ਤਆਲਾ ਦੀ ਨਜ਼ਦੀਕੀ ਦਵਾਉਣ ਵਾਲ਼ਾ ਹੋਵੇ, ਤਾਂ ਜੋ ਅਸੀਂ ਅੱਲਾਹ ਤਆਲਾ ਦੇ ਖ਼ਾਲਿਸ ਬੰਦੇ ਬਣਨ ਵਾਲ਼ੇ ਹੋਈਏ। ਬਸ ਇਸ ਰਮਜ਼ਾਨ ਵਿੱਚ ਸਾਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੀ ਇਬਾਦਤਾਂ ਨੂੰ ਜਿਉਂਦਾ ਕਰਨਾ ਹੈ, ਅਤੇ ਫਿਰ ਉਸ ਦੇ ਲਈ ਅੱਲਾਹ ਤਆਲਾ ਤੋਂ ਦੁਆ ਵੀ ਮੰਗੋ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਦੁਆ ਉਸ ਅਜ਼ਮਾਇਸ਼ ਦੇ ਮੁਕ਼ਾਬਲੇ ‘ਤੇ ਜਿਹੜੀ ਆ ਚੁੱਕੀ ਹੋਵੇ ਅਤੇ ਉਸ ਦੇ ਮੁਕ਼ਾਬਲੇ ਜਿਹੜੀ ਅਜੇ ਆਉਣੀ ਹੋਵੇ ਨਫ਼ਾ ਦਿੰਦੀ ਹੈ, ਅਤੇ ਐ ਅੱਲਾਹ ਦੇ ਬੰਦਿਓ! ਤੁਹਾਡੇ ‘ਤੇ ਲਾਜ਼ਮੀ ਹੈ ਕਿ ਤੁਸੀਂ ਦੁਆ ਕਰਨ ਨੂੰ ਇਖ਼ਤਿਆਰ ਕਰੋ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਸਿਰਫ਼ ਰਮਜ਼ਾਨ ਦੇ ਮਹੀਨੇ ਵਿੱਚ ਤਾਂ ਆਫ਼ਤਾਂ ਜਾਂ ਮੁਸ਼ਕਿਲਾਂ ਨਹੀਂ ਆਉਂਦੀਆਂ, ਵੱਖ ਵੱਖ ਵਕ਼ਤਾਂ ਵਿੱਚ ਆਉਂਦੀਆਂ ਰਹਿੰਦੀਆਂ ਹਨ, ਇਸ ਲਈ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਤੁਸੀਂ ਸਿਰਫ਼ ਉਸ ਵੇਲ਼ੇ ਦੁਆ ਨਾ ਕਰੋ ਜਦ ਮੁਸ਼ਕਿਲ ਆਵੇ ਸਗੋਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਹੈ ਕਿ ਦੁਆ ਉਹਨਾਂ ਮੁਸ਼ਕਿਲਾਂ ਤੋਂ ਬਚਾਉਣ ਵਿੱਚ ਵੀ ਮਦਦ ਦਿੰਦੀ ਹੈ ਜਿਹੜੀਆਂ ਅਜੇ ਨਹੀਂ ਆਈਆਂ। ਇਸ ਲਈ ਹਮੇਸ਼ਾ ਦੁਆ ਤੋਂ ਕੰਮ ਲੈਂਦੇ ਰਹਿਣਾ ਚਾਹੀਦਾ ਹੈ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਰਮਾਉਂਦੇ ਹਨ ਕਿ ਤੁਹਾਡਾ ਰੱਬ ਹਰ ਰਾਤ ਨਜ਼ਦੀਕੀ ਆਸਮਾਨ ਤੱਕ ਆਉਂਦਾ ਹੈ ਅਤੇ ਜਦ ਰਾਤ ਦਾ ਤੀਜਾ ਹਿੱਸਾ ਬਾਕ਼ੀ ਰਹਿ ਜਾਂਦਾ ਹੈ ਤਾਂ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਕੌਣ ਹੈ ਜਿਹੜਾ ਮੈਨੂੰ ਪੁਕਾਰੇ ਤਾਂ ਮੈਂ ਉਸਨੂੰ ਜਵਾਬ ਦੇਵਾਂ, ਕੌਣ ਹੈ ਜਿਹੜਾ ਮੇਰੇ ਕੋਲੋਂ ਮੰਗੇ ਤਾਂ ਮੈਂ ਉਸਨੂੰ ਦੇਵਾਂ, ਕੌਣ ਹੈ ਜਿਹੜਾ ਮੇਰੇ ਕੋਲੋਂ ਬਖ਼ਸ਼ਿਸ਼ ਮੰਗੇ ਤਾਂ ਮੈਂ ਉਸ ਨੂੰ ਬਖ਼ਸ਼ ਦੇਵਾਂ। ਇਹ ਸਿਰਫ਼ ਰਮਜ਼ਾਨ ਨਾਲ਼ ਹੀ ਸੰਬੰਧਿਤ ਨਹੀਂ ਬਲਕਿ ਆਮ ਗੱਲ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜਿਹੜਾ ਵਿਅਕਤੀ ਇਹ ਚਾਹੁੰਦਾ ਹੈ ਕਿ ਅੱਲਾਹ ਤਆਲਾ ਤਕਲੀਫ਼ਾਂ ਦੇ ਵੇਲ਼ੇ ਉਸ ਦੀ ਦੁਆਵਾਂ ਨੂੰ ਕ਼ਬੂਲ ਕਰੇ ਤਾਂ ਉਸਨੂੰ ਚਾਹੀਦਾ ਹੈ ਕਿ ਆਸਾਨੀ ਅਤੇ ਖ਼ੁਸ਼ਹਾਲੀ ਦੇ ਵੇਲ਼ੇ ਬਹੁਤ ਦੁਆ ਕਰੇ। ਬਸ ਇਹ ਗੱਲਾਂ ਬਹੁਤ ਜ਼ਰੂਰੀ ਹਨ, ਸਾਡਾ ਅੱਲਾਹ ਤਆਲਾ ਨਾਲ਼ ਪੱਕਾ ਸੰਬੰਧ ਹੋਣਾ ਚਾਹੀਦਾ ਹੈ।

ਇੱਕ ਰਿਵਾਇਤ ਵਿੱਚ ਇਹ ਵੀ ਆਉਂਦਾ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਂ ਬੰਦਿਆਂ ਦੇ ਗੁਮਾਨ ਦੇ ਮੁਤਾਬਿਕ਼ ਉਹਨਾਂ ਨਾਲ਼ ਸਲੂਕ ਕਰਦਾ ਹਾਂ, ਜਿਸ ਵੇਲ਼ੇ ਬੰਦਾ ਮੈਨੂੰ ਯਾਦ ਕਰਦਾ ਹੈ ਮੈਂ ਉਸਦੇ ਨਾਲ਼ ਹੁੰਦਾ ਹਾਂ, ਜੇਕਰ ਉਹ ਦਿਲ ਵਿੱਚ ਮੈਨੂੰ ਯਾਦ ਕਰਦਾ ਹੈ ਤਾਂ ਮੈਂ ਉਸਨੂੰ ਦਿਲ ਵਿੱਚ ਯਾਦ ਕਰਦਾ ਹਾਂ, ਜੇਕਰ ਉਹ ਮੇਰਾ ਜ਼ਿਕਰ ਮਹਿਫ਼ਿਲ ਵਿੱਚ ਕਰਦਾ ਹੈ ਤਾਂ ਮੈਂ ਉਸਦਾ ਜ਼ਿਕਰ ਉਸ ਤੋਂ ਜ਼ਿਆਦਾ ਬਿਹਤਰ ਮਹਿਫ਼ਿਲ ਵਿੱਚ ਕਰਦਾ ਹਾਂ, ਜੇਕਰ ਉਹ ਮੇਰੇ ਵੱਲ ਇੱਕ ਚੱਪਾ ਆਉਂਦਾ ਹੈ ਤਾਂ ਮੈਂ ਉਸਦੇ ਵੱਲ ਇੱਕ ਹੱਥ ਜਾਂਦਾ ਹਾਂ, ਜੇਕਰ ਉਹ ਮੇਰੇ ਵੱਲ ਇੱਕ ਹੱਥ ਆਉਂਦਾ ਹੈ ਤਾਂ ਮੈਂ ਉਸਦੇ ਵੱਲ ਦੋ ਹੱਥ ਜਾਂਦਾ ਹਾਂ, ਜੇਕਰ ਉਹ ਮੇਰੇ ਵੱਲ ਚੱਲ ਕੇ ਆਉਂਦਾ ਹੈ ਤਾਂ ਮੈਂ ਉਸਦੇ ਵੱਲ ਦੌੜ ਕੇ ਜਾਂਦਾ ਹਾਂ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਰ ਅਹਮਦੀ ਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅੱਲਾਹ ਤਆਲਾ ਦੇ ਜ਼ਿਕਰ ਨਾਲ਼ ਆਪਣੀਆਂ ਜ਼ੁਬਾਨਾਂ ਨੂੰ ਤਰ ਰੱਖੇ। ਸਾਡੀ ਹਰ ਕਰਨੀ ਅਤੇ ਕਥਨੀ ਅਜਿਹੀ ਹੋਣੀ ਚਾਹੀਦੀ ਹੈ ਕਿ ਅਸੀਂ ਖ਼ੁਦਾ ਦੇ ਵੱਲ ਕ਼ਦਮ ਵਧਾਉਣ ਵਾਲ਼ੇ ਹੋਈਏ। ਇੱਕ ਰਿਵਾਇਤ ਵਿੱਚ ਜ਼ਿਕਰ ਆਉਂਦਾ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ “ਜ਼ੁੰਨ ਨੂਨ” ਯਾਨੀ ਹਜ਼ਰਤ ਯੂਨਸ ਨੇ ਮੱਛੀ ਦੇ ਢਿੱਡ ਵਿੱਚ ਇਹ ਦੁਆ ਕੀਤੀ لَآ إِلٰهَ إِلَّآ أَنْتَ سُبْحٰنَكَ ۖ إِنِّي كُنْتُ مِنَ الظّٰلِمِيْنَ ਫ਼ਰਮਾਇਆ ਇਸ ਦੁਆ ਨੂੰ ਜਿਹੜਾ ਵੀ ਮੁਸਲਮਾਨ ਕਿਸੇ ਮੁਸ਼ਕਿਲ ਦੇ ਵੇਲ਼ੇ ਕਰੇਗਾ ਅੱਲਾਹ ਤਆਲਾ ਉਸਦੀ ਦੁਆ ਨੂੰ ਜ਼ਰੂਰ ਕ਼ਬੂਲ ਕਰੇਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਬੰਦਿਆਂ ਤੇ ਮਿਹਰਬਾਨ ਹੈ, ਉਸ ਨੇ ਖ਼ੁਦ ਬੰਦਿਆਂ ਨੂੰ ਦੁਆਵਾਂ ਸਿਖਾਈਆਂ ਹੋਈਆਂ ਹਨ। ਕ਼ੁਰਆਨ ਕਰੀਮ ਵਿੱਚ ਜਿਹੜੀਆਂ ਵੱਖ-ਵੱਖ ਦੁਆਵਾਂ ਸਿਖਾਈਆਂ ਗਈਆਂ ਹਨ

ਉਹ ਇਸੇ ਲਈ ਹਨ ਤਾਂ ਜੋ ਅਸੀਂ ਇਹ ਦੁਆਵਾਂ ਮੰਗੀਏ ਅਤੇ ਅੱਲਾਹ ਤਆਲਾ ਜ਼ਰੂਰ ਉਹਨਾਂ ਨੂੰ ਕ਼ਬੂਲ ਕਰੇਗਾ ਪਰ ਸ਼ਰਤ ਉਹੀ ਹੈ ਕਿ ਅਸੀਂ ਪਹਿਲਾਂ ਉਸ ਦਾ ਹੱਕ਼ ਅਦਾ ਕਰਨ ਵਾਲ਼ੇ ਹੋਈਏ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਇਸ ਦੁਆ ਦੇ ਬਾਰੇ ਫ਼ਰਮਾਉਂਦੇ ਹਨ ਕਿ ਇਸ ਨਾਲ਼ ਇੱਕ ਸਬਕ਼ ਮਿਲ਼ਦਾ ਹੈ ਕਿ ਤਕ਼ਦੀਰ ਨੂੰ ਅੱਲਾਹ ਤਆਲਾ ਬਦਲ ਦਿੰਦਾ ਹੈ, ਰੋਣਾ ਧੋਣਾ ਅਤੇ ਸਦਕ਼ੇ ਜਿਹੜੇ ਹਜ਼ਰਤ ਯੂਨਸ ਦੀ ਕ਼ੌਮ ਦਾ ਵਾਕ਼ਿਆ ਹੋਇਆ ਹੈ, ਫਰਦਿ ਕ਼ਰਾਰ ਦਾਦਿ ਜੁਰਮ ਨੂੰ ਵੀ ਰੱਦ ਕਰ ਦਿੰਦੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਪਿਛਲੇ ਦਿਨੀਂ ਮੈਂ ਦੁਆਵਾਂ ਦੀ ਤਹਿਰੀਕ ਕੀਤੀ ਸੀ, ਇਸ ਵਿੱਚ ਅਸਤਗ਼ਫ਼ਾਰ ਵੱਲ ਤਵੱਜੋ ਦਵਾਈ ਸੀ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਫ਼ਰਮਾਇਆ ਕਿ ਅਸਤਗ਼ਫ਼ਾਰ ਇੱਕ ਢਾਲ ਹੈ। ਬਸ ਇਸ ਵੱਲ ਵੀ ਤਵੱਜੋ ਦਿਓ, ਬਹੁਤ ਅਸਤਗ਼ਫ਼ਾਰ ਕਰੋ। ਸੱਚੇ ਦਿਲ ਨਾਲ਼ ਦੁਆਵਾਂ ਵੱਲ ਤਵੱਜੋ ਦਿਓ, ਰਮਜ਼ਾਨ ਦੇ ਬਾਅਦ ਵੀ ਦੁਆਵਾਂ ਅਤੇ ਨੇਕੀਆਂ ਤੇ ਕ਼ਾਇਮ ਰਹਿਣ ਦੀ ਕੋਸ਼ਿਸ਼ ਕਰੋ ਅਤੇ ਫਿਰ ਦੇਖੋ ਕਿ ਖ਼ੁਦਾ ਤਆਲਾ ਕਿਵੇਂ ਦੌੜ ਕੇ ਸਾਡੇ ਕੋਲ਼ ਆਉਂਦਾ ਹੈ ਅਤੇ ਸਾਨੂੰ ਆਪਣੀ ਆਗ਼ੋਸ਼ ਵਿੱਚ ਲੈ ਲੈਂਦਾ ਹੈ।

ਹਜ਼ੂਰ ਅਨਵਰ ਨੇ ਦੁਆਵਾਂ ਦੀ ਤਹਿਰੀਕ ਕਰਦੇ ਹੋਏ ਫ਼ਰਮਾਇਆ ਕਿ ਅੱਜ ਕੱਲ ਜਿਹੜੇ ਦੁਨੀਆਂ ਵਿੱਚ ਕੁੱਝ ਜਗ੍ਹਾ ਹਾਲਾਤ ਹਨ, ਪਾਕਿਸਤਾਨ, ਬੰਗਲਾਦੇਸ਼, ਅਲਜੇਰੀਆ ਅਤੇ ਕੁੱਝ ਅਫ਼ਰੀਕ਼ਾ ਦੇ ਮੁਲਕ ਜਿੱਥੇ ਕੁੱਝ ਗਿਰੋਹਾਂ ਨੇ ਕ਼ਬਜ਼ੇ ਕੀਤੇ ਹੋਏ ਹਨ ਜਾਂ ਉਹਨਾਂ ਗਿਰੋਹਾਂ ਵੱਲੋਂ ਹਮਲੇ ਹੁੰਦੇ ਹਨ, ਹਕੂਮਤਾਂ ਵੀ ਉਹਨਾਂ ਤੋਂ ਡਰ ਕੇ ਉਹਨਾਂ ਦੀਆਂ ਗੱਲਾਂ ਮੰਨ ਲੈਂਦੀਆਂ ਹਨ। ਸਾਨੂੰ ਇਹ ਦੁਆ ਕਰਨੀ ਚਾਹੀਦੀ ਹੈ ਕਿ ਐ ਅੱਲਾਹ! ਸਾਨੂੰ ਇਹਨਾਂ ਜ਼ਾਲਮਾਂ ਤੋਂ ਨਿਜਾਤ ਦੇ, ਖ਼ੁਦ ਉਹਨਾਂ ਤੋਂ ਇੰਤਿਕ਼ਾਮ ਲੈ। ਜਦ ਇਸ ਤਰ੍ਹਾਂ ਅਸੀਂ ਦੁਆਵਾਂ ਕਰਾਂਗੇ ਤਾਂ ਅੱਲਾਹ ਤਆਲਾ ਜ਼ਰੂਰ ਇੱਕ ਇਨਕ਼ਲਾਬ ਪੈਦਾ ਕਰੇਗਾ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਫ਼ਜ਼ਲ ਹਾਸਿਲ ਕਰਨ ਦਾ ਸਭ ਤੋਂ ਸੌਖਾ ਤਰੀਕ਼ਾ ਦੁਆ ਹੈ ਅਤੇ ਦੁਆ ਦੇ ਪੂਰੇ ਪੱਖ ਇਹ ਹਨ ਕਿ ਉਸ ਵਿੱਚ ਰਿੱਕ਼ਤ ਹੋਵੇ, ਤੜਫ਼ ਹੋਵੇ ਅਤੇ ਗੁਜ਼ਾਰਿਸ਼ ਹੋਵੇ। ਦੁਆਵਾਂ ਵੱਲ ਸਾਨੂੰ ਬਹੁਤ ਤਵੱਜੋ ਦੇਣ ਦੀ ਲੋੜ ਹੈ, ਇਸ ਰਮਜ਼ਾਨ ਨੂੰ ਅਜਿਹਾ ਰਮਜ਼ਾਨ ਬਣਾਓ ਕਿ ਜਿਹੜਾ ਦੁਆਵਾਂ ਦੀ ਕ਼ਬੂਲੀਅਤ ਵਾਲ਼ਾ ਰਮਜ਼ਾਨ ਹੋਵੇ। ਆਪਣੇ ਆਪ ਵਿੱਚ ਪੱਕੀ ਪਾਕ ਤਬਦੀਲੀ ਪੈਦਾ ਕਰਨ ਵਾਲ਼ਾ ਰਮਜ਼ਾਨ ਹੋਵੇ। ਅੱਲਾਹ ਤਆਲਾ ਸਾਨੂੰ ਸਾਰੇ ਦੁਸ਼ਮਣਾਂ ਅਤੇ ਜ਼ਾਲਮਾਂ ਤੋਂ ਨਿਜਾਤ ਦੇਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞